# Christian Scripture: New Covenant

## ਈਸਾਈ ਧਰਮ ਗ੍ਰੰਥ : ਨਵਾਂ ਅਹਿਦਨਾਮਾ

*ਕਰਮਜੀਤ ਕੌਰ

ਈਸਾਈਆਂ ਦੇ ਧਰਮ ਗ੍ਰੰਥ ਨੂੰ 'ਪਵਿੱਤਰ ਬਾਈਬਲ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਜੋ ਦੁਨੀਆਂ ਵਿੱਚ ਸਭ ਤੋਂ ਵੱਧ ਜਾਣਿਆ ਜਾਣ ਵਾਲਾ ਧਰਮ ਗ੍ਰੰਥ ਹੈ। ਇਸ ਪਰਚੇ ਵਿਚ ਨਵਾਂ ਨੇਮ ਜਿਸਨੂੰ ਨਵਾਂ ਅਹਿਦਨਾਮਾ ਵੀ ਕਿਹਾ ਜਾਂਦਾ ਹੈ ਨਾਲ ਆਮ ਵਾਕਫੀਅਤ ਕਰਵਾਈ ਗਈ ਹੈ। ਇਸ ਵਿਚ 27 ਪੁਸਤਕਾਂ ਹਨ, ਜਿਨ੍ਹਾਂ ਨੂੰ ਅੱਗੇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

**ਅਰਥ :-**

ਯੂਨਾਨੀ ਭਾਸ਼ਾ ਨਾਲ ਸਬੰਧਿਤ ਸ਼ਬਦ 'ਬਾਈਬਲ' ਕਿਸੇ ਇਕ ਪੁਸਤਕ ਦਾ ਲਖਾਇਕ ਨਹੀਂ ਬਲਕਿ ਪੁਸਤਕਾਂ ਦਾ ਸੰਗ੍ਰਹਿ ਗ੍ਰੰਥ ਹੈ। Mathew P. John ਪਵਿੱਤਰ ਬਾਈਬਲ ਬਾਰੇ ਜਾਣਕਾਰੀ ਦਿੰਦੇ ਹੋਏ ਕਹਿੰਦੇ ਹਨ, "The word itself is derived from Greek through Latin, and originally was a collective name meaning the books or the rolls.[1] ਉਪਰੋਕਤ ਦੇ ਅਧਾਰ ਤੇ ਬਾਈਬਲ ਦਾ ਅਰਥ ਪਵਿੱਤਰ ਪੁਸਤਕਾਂ ਜਾਂ ਪਵਿੱਤਰ ਪੁਸਤਕ ਹੈ।

**ਭਾਸ਼ਾ :-**

ਨਵਾਂ ਅਹਿਦਨਾਮਾ ਭਾਵੇਂ ਅਲੱਗ-ਅਲੱਗ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ, ਪਰ ਇਸ ਦੀ ਮੂਲ ਭਾਸ਼ਾ ਯੂਨਾਨੀ ਹੈ।

**ਬਣਤਰ :-**

ਨਵਾਂ ਅਹਿਦਨਾਮਾ ਜੋ ਈਸਾਈ ਧਰਮ ਨਾਲ ਸਬੰਧਤ ਧਰਮ ਗ੍ਰੰਥ ਹੈ ਅਤੇ ਇਸ ਵਿਚ 27 ਪੁਸਤਕਾਂ ਹਨ, ਜਿਨ੍ਹਾਂ ਨੂੰ ਅੱਗੇ ਤਿੰਨ ਗ੍ਰੰਥਾਂ ਵਿਚ ਵੰਡਿਆ ਗਿਆ ਹੈ :-

**ੳ) ਇਤਿਹਾਸਕ ਵਿਖਿਆਨ :-**

ਇਸ ਭਾਗ ਵਿਚ ਪਹਿਲੀਆਂ ਪੰਜ ਪੋਥੀਆਂ ਸ਼ਾਮਿਲ ਹਨ : ਸੰਤ ਮੱਤੀ, ਸੰਤ ਮਰਕੁਸ, ਸੰਤ ਲੂਕਾ, ਸੰਤ ਯੂਹੰਨਾ, ਚੇਲਿਆਂ ਦੇ ਕਰਤੱਵ। ਪਹਿਲੀਆਂ 4 ਪੁਸਤਕਾਂ ਯਿਸੂ ਮਸੀਹ ਦੇ ਜੀਵਨ ਨਾਲ ਸਬੰਧਿਤ ਹਨ ਅਤੇ ਚੇਲਿਆਂ ਦੇ ਕਰਤੱਵ ਨਾਂ ਦੀ ਪੁਸਤਕ ਵਿਚੋਂ ਚਰਚ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।

**ਅ) ਪੱਤਰ :-**

ਇਸ ਭਾਗ ਵਿਚ ਪੁਸਤਕਾਂ ਦੀ ਗਿਣਤੀ 21 ਹੈ: ਰੋਮ, 1 ਕੁਰਿੰਥੁਸ, 2 ਕੁਰਿਥੁਸ, ਗਲਾਤੀਆ, ਅਫਸੀਆ, ਫਿਲਿਪੀਆ, ਕੁਲੁਸੀਆ, 1 ਥੱਸਲੁਨੀਕੀਆਂ, 2 ਥੱਸਲੁਨੀਕੀਆਂ, 1 ਤਿਮੋਥਿਉਸ, 2 ਤਿਮੋਥਿਉਸ, ਤੀਤੁਸ, ਫਿਲੇਮੋਨ, ਇਬਰਾਨੀਆਂ, ਯਾਕੂਬ, 1 ਪਤਰਸ, 2 ਪਤਰਸ, 1 ਯੂਹੰਨਾ, 2 ਯੂਹੰਨਾ, 3 ਯੂਹੰਨਾ, ਯਹੂਦਾ। ਸਭ ਤੋਂ ਵੱਧ ਪੱਤਰ ਸੰਤ ਪਾਲ ਦੇ ਹਨ। ਜੋ ਉਹਨਾਂ ਨੇ ਮਸੀਹੀ ਵਿਸ਼ਵਾਸ ਦੇ ਲੋਕਾਂ ਨੂੰ ਲਿਖੇ ਹਨ।

* ਰਿਸਰਚ ਸਕਾਲਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

[1] Mathew P. John, Christianity, 'The Bible' Punjabi University, Patiala, 1969, Page 1.

**ੲ) ਪ੍ਰਕਾਸ਼ ਦੀ ਪੋਥੀ :–**

ਇਸ ਭਾਗ ਵਿਚ ਕੇਵਲ 1 ਪੁਸਤਕ ਸ਼ਾਮਿਲ ਹੈ, ਜਿਸਨੂੰ ਪ੍ਰਕਾਸ਼ ਦੀ ਪੋਥੀ ਆਖਿਆ ਜਾਂਦਾ ਹੈ। ਇਸ ਭਾਗ ਵਿਚ ਪਰਮੇਸ਼ਰ ਦੇ ਰਾਜ ਬਾਰੇ ਦੱਸਿਆ ਗਿਆ ਹੈ।

ਨਵੇਂ ਅਹਿਦਨਾਮੇ ਦੀਆਂ 27 ਪੁਸਤਕਾਂ ਦਾ ਸੰਖੇਪ ਵਰਣਨ ਹੇਠ ਲਿਖੇ ਅਨੁਸਾਰ ਹੈ :–

**1. ਸੰਤ ਮੱਤੀ (Mathew)**

ਇਸ ਪੁਸਤਕ ਦੇ ਆਰੰਭ ਵਿਚ ਯਿਸੂ ਮਸੀਹ ਦੇ ਵੰਸ਼ ਦਾ ਵਰਣਨ ਕੀਤਾ ਗਿਆ ਹੈ। ਫਿਰ ਯਿਸੂ ਮਸੀਹ ਦੇ ਜਨਮ ਅਤੇ ਬਪਤਿਸਮੇ ਬਾਰੇ ਜ਼ਿਕਰ ਹੈ। ਅਬਰਾਹਮ ਤੋਂ ਦਾਊਦ ਤੱਕ 14 ਪੀੜ੍ਹੀਆਂ ਦਾ ਜ਼ਿਕਰ ਇਸ ਪ੍ਰਕਾਰ ਹੈ, "ਇਸ ਤਰ੍ਹਾਂ ਸਭ ਮਿਲਾ ਕੇ ਅਬਰਾਹਮ ਤੋਂ ਦਾਊਦ ਤੱਕ ਚੌਂਦਾ ਪੀੜ੍ਹੀਆਂ, ਦਾਊਦ ਤੋਂ ਬਾਬਲ ਵਿਚ ਬੰਦੀ ਬਣਾਏ ਜਾਣ ਤੱਕ ਚੌਦਾਂ ਪੀੜੀਆਂ ਅਤੇ ਬਾਬਲ ਵਿਚ ਬੰਦੀ ਬਣਾਏ ਜਾਣ ਤੋਂ ਲੈ ਕੇ ਮਸੀਹ ਤੱਕ ਚੌਦਾਂ ਪੀੜੀਆਂ ਦਾ ਜ਼ਿਕਰ ਹੈ। ਇਸ ਪੁਸਤਕ ਦੇ 28 ਅਧਿਆਇ, 157 ਸਿਰਲੇਖ ਅਤੇ 1071 ਪਦੇ ਹਨ।"[2]

**2. ਸੰਤ ਮਰਕੁਸ (Mark)**

ਇਸ ਪੁਸਤਕ ਵਿਚ ਸੰਤ ਮਰਕੁਸ ਨੇ ਯਿਸੂ ਮਸੀਹ ਦੇ ਜੀਵਨ ਸਮਾਚਾਰ ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਲੋਕਾਂ ਦੇ ਦੁੱਖ ਅਤੇ ਪਾਪ ਖ਼ਤਮ ਕਰਦੇ ਹੋਏ ਯਿਸੂ ਮਸੀਹ ਨੇ ਅਸ਼ੁੱਧ ਆਤਮਾ ਨੂੰ ਝਿੜਕ ਕੇ ਆਖਿਆ, "ਗੂੰਗੀ ਅਤੇ ਬਹਿਰੀ ਆਤਮਾ ਮੈਂ ਤੈਨੂੰ ਹੁਕਮ ਦਿੰਦਾ ਹਾਂ ਕਿ ਮੁੰਡੇ ਵਿਚੋਂ ਨਿਕਲ ਜਾ।"[3] ਇਸ ਪੁਸਤਕ ਦੇ 16 ਅਧਿਆਇ, 97 ਸਿਰਲੇਖ ਅਤੇ 677 ਪਦੇ ਹਨ।

**3. ਸੰਤ ਲੂਕਾ (Luke)**

ਇਸ ਪੁਸਤਕ ਵਿਚ ਸੰਤ ਲੂਕਾ ਦਸਦਾ ਹੈ ਕਿ ਯਿਸੂ ਮਸੀਹ ਆਪਣੇ ਚੇਲਿਆਂ ਅਤੇ ਹੋਰ ਸੰਗਤ ਨੂੰ ਸਵਰਗ ਵਿਚ ਧਨ ਇਕੱਠਾ ਕਰਨ ਲਈ ਕਹਿੰਦੇ ਹਨ। ਯਿਸੂ ਕਹਿੰਦੇ ਹਨ, "ਆਪਣੇ ਲਈ ਇਹੋ ਜਿਹੇ ਬਟੂਏ ਬਣਾਉ, ਜਿਹੜੇ ਪੁਰਾਣੇ ਨਹੀਂ ਹੁੰਦੇ, ਅਰਥਾਤ ਆਪਣਾ ਧਨ ਸਵਰਗ ਵਿਚ ਇਕੱਠਾ ਕਰੋ।"[4] ਇਸ ਪੁਸਤਕ ਦੇ 24 ਆਧਿਆਇ, 153 ਸਿਰਲੇਖ ਅਤੇ 1150 ਪਦੇ ਹਨ।

**4. ਸੰਤ ਯੂਹੰਨਾ (John)**

ਇਸ ਪੁਸਤਕ ਨੂੰ ਸੰਤ ਯੂਹੰਨਾ ਨੇ ਲਿਖਿਆ ਹੈ। ਯਿਸੂ ਦਾ ਸਬੰਧ ਅਨੰਤ ਸ਼ਬਦ ਨਾਲ ਜਿਵੇਂ ਕਿ ਕਿਹਾ ਗਿਆ ਹੈ, "ਸ਼ਬਦ ਮਨੁੱਖ ਬਣਿਆ ਅਤੇ ਸਾਡੇ ਵਿਚ ਰਿਹਾ। ਅਸੀਂ ਉਸਦਾ ਪ੍ਰਤਾਪ ਦੇਖਿਆ।"[5] ਇਸ ਪੁਸਤਕ ਦਾ ਵਿਸ਼ਾ ਨਿਰੋਲ ਰਹੱਸਵਾਦੀ ਹੈ। ਇਸ ਪੁਸਤਕ ਦੇ ਕੁਲ 21 ਅਧਿਆਇ, 82 ਸਿਰਲੇਖ ਅਤੇ 879 ਪਦੇ ਹਨ।

**5. ਚੇਲਿਆਂ ਦੇ ਕਰਤਵ (Acts of Apostles)**

ਇਸ ਪੁਸਤਕ ਨੂੰ ਵੀ ਸੰਤ ਲੂਕਾ ਦੁਆਰਾ ਲਿਖਿਆ ਗਿਆ ਹੈ ਅਤੇ ਪੌਲੂਸ ਆਪਣੀ ਨਿਸ਼ਚਾ ਬਦਲੀ ਬਾਰੇ ਦੱਸਦਾ ਹੈ ਕਿ, "ਮੈਂ ਪੁੱਛਿਆ ਪ੍ਰਭੂ ਜੀ ਤੁਸੀਂ ਕੌਣ ਹੋ? ਪ੍ਰਭੂ ਨੇ ਕਿਹਾ ਮੈਂ ਯਿਸੂ ਹਾਂ, ਜਿਸਨੂੰ ਤੂੰ ਸਤਾ ਰਿਹਾ ਹੈ।"[6] ਇਸ ਪੁਸਤਕ ਵਿਚ ਈਸਾਈ ਧਰਮ ਦੀ ਉਤਪਤੀ ਅਤੇ ਵਿਕਾਸ ਦਾ ਇਤਿਹਾਸ ਹੈ। ਇਸ ਪੁਸਤਕ ਦੇ 28 ਅਧਿਆਇ, 85 ਸਿਰਲੇਖ ਅਤੇ 1007 ਪਦੇ ਹਨ।

---

[2] ਪਵਿੱਤਰ ਬਾਈਬਲ, ਸੰਤ ਮੱਤੀ, 1:17 (2).

[3] ਉਹੀ, ਸੰਤ ਮਾਰਕਸ, 9:25 (78,79).

[4] ਪਵਿੱਤਰ ਬਾਈਬਲ, ਸੰਤ ਲੂਕਾ, 12:33 (131).

[5] ਉਹੀ, ਸੰਤ ਯੂਹੰਨਾ, 1:14 (161).

**6. ਰੋਮ (Romans)**

ਇਹ ਪੁਸਤਕ ਸੰਤ ਪੌਲੁਸ ਨੇ ਆਪਣੀ ਰੋਮ ਯਾਤਰਾ ਤੋਂ ਪਹਿਲਾਂ ਲਿਖੀ। ਉਹ ਕਹਿੰਦਾ ਹੈ ਕਿ, "ਮੈਂ ਸ਼ੁਭ ਸਮਾਚਾਰ ਤੋਂ ਸੰਗਦਾ ਨਹੀਂ ਹਾਂ। ਜਿਹੜੀ ਹਰ ਇਕ ਵਿਸ਼ਵਾਸ ਕਰਨ ਵਾਲੇ ਦੀ ਮੁਕਤੀ ਲਈ ਹੈ।"[7] ਇਸ ਪੁਸਤਕ ਦੇ 16 ਅਧਿਆਇ, 39 ਸਿਰਲੇਖ ਅਤੇ 433 ਪਦੇ ਹਨ।

**7. 1 ਕੁਰਿੰਥੁਸ (1 Corinthians)**

ਇਸ ਪੱਤਰ ਨੂੰ ਸੰਤ ਪੌਲੁਸ ਨੇ ਕੁਰਿੰਥੁਸ ਦੀ ਸੰਗਤ ਦੇ ਨਾਂ ਲਿਖਿਆ ਹੈ। ਉਹ ਕਹਿੰਦਾ ਹੈ ਕਿ, "ਪਰਮੇਸ਼ਰ ਨੇ ਜੋ ਨੀਂਹ ਪਹਿਲਾਂ ਹੀ ਰੱਖ ਦਿੱਤੀ ਹੈ ਅਰਥਾਤ ਯਿਸੂ ਮਸੀਹ, ਉਸ ਤੋਂ ਸਿਵਾਏ ਕੋਈ ਮਨੁੱਖ ਹੋਰ ਨਵੀਂ ਨੀਂਹ ਨਹੀਂ ਰੱਖ ਸਕਦਾ ਹੈ।"[8] ਇਸ ਪੁਸਤਕ ਦੇ 16 ਅਧਿਆਇ, 29 ਸਿਰਲੇਖ ਅਤੇ 437 ਪਦੇ ਹਨ।

**8. 2 ਕੁਰਿੰਥੁਸ (2 Corinthians)**

ਇਹ ਪੱਤਰ ਸੰਤ ਪੌਲੁਸ ਦੁਆਰਾ ਕੁਰਿੰਥੁਸ ਦੇ ਲੋਕਾਂ ਦੇ ਨਾਂ ਲਿਖਿਆ ਦੂਜਾ ਪੱਤਰ ਹੈ। ਉਹ ਕਹਿੰਦਾ ਹੈ ਕਿ, "ਅਸੀਂ ਤਾਂ ਕੇਵਲ ਮਿੱਟੀ ਦੇ ਭਾਂਡੇ ਹਾਂ, ਜਿਨ੍ਹਾਂ ਵਿਚ ਇਹ ਆਤਮਕ ਖ਼ਜ਼ਾਨਾ ਰੱਖਿਆ ਗਿਆ ਹੈ।"[9] ਇਸ ਪੁਸਤਕ ਦੇ 13 ਅਧਿਆਇ, 20 ਸਿਰਲੇਖ, ਅਤੇ 257 ਪਦੇ ਹਨ।

**9. ਗਲਾਤੀਆਂ (Galations)**

ਗਲਾਤੀਆਂ ਨੂੰ ਲਿਖੇ ਪੱਤਰ ਦੁਆਰਾ ਸੰਤ ਪੌਲੁਸ ਕਹਿੰਦਾ ਹੈ ਕਿ "ਕੋਈ ਵੀ ਦੂਜਾ ਸ਼ੁਭ ਸਮਾਚਾਰ ਨਹੀਂ ਹੈ। ਹਾਂ ਕੁਝ ਲੋਕ ਤੁਹਾਨੂੰ ਉਲਝਾਉਣ ਦੀ ਕੋਸ਼ਿਸ਼ ਕਰ ਰਹੇ ਹਨ।"[10] ਇਸ ਪੁਸਤਕ ਦੇ 6 ਅਧਿਆਇ, 14 ਸਿਰਲੇਖ ਅਤੇ 132 ਪਦੇ ਹਨ।

**10. ਅਫਸੀਆਂ (Ephesians)**

ਸੰਤ ਪੌਲੁਸ ਅਫਸੀਆਂ ਨੂੰ ਕਹਿੰਦਾ ਹੈ ਕਿ, "ਤੁਸੀਂ ਪਰਮੇਸ਼ਰ ਦੇ ਲੋਕ ਹੋ, ਇਸ ਲਈ ਤੁਹਾਡੇ ਵਿਚ ਕਿਸੇ ਵੀ ਤਰ੍ਹਾਂ ਦੇ ਵਿਭਚਾਰ ਅਸ਼ੁਧਤਾ ਅਤੇ ਲੋਭ ਦੀ ਚਰਚਾ ਨਹੀਂ ਹੋਣੀ ਚਾਹੀਦੀ।"[11] ਇਸ ਪੁਸਤਕ ਦੇ 6 ਅਧਿਆਇ 14 ਸਿਰਲੇਖ ਅਤੇ 155 ਪਦੇ ਹਨ।

**11. ਫਿਲਿਪੀਆ (Philippians)**

ਇਹ ਸੰਤ ਪੌਲੁਸ ਦਾ ਫਿਲਿਪੀਆਂ ਦੇ ਨਾਂ ਲਿਖਿਆ ਪੱਤਰ ਹੈ। ਇਸ ਪੱਤਰ ਵਿਚ ਉਸਨੇ ਯਿਸੂ ਮਸੀਹ ਬਾਰੇ ਕਿਹਾ ਹੈ, "ਉਹ ਆਦਿ ਤੋਂ ਹੀ ਪਰਮੇਸ਼ਰ ਦਾ ਸਰੂਪ ਸੀ।[12] ਇਸ ਪੁਸਤਕ ਦੇ 4 ਅਧਿਆਇ, 10 ਸਿਰਲੇਖ ਅਤੇ 104 ਪਦੇ ਹਨ।

---

[6] ਉਹੀ, ਚੇਲਿਆਂ ਦੇ ਕਰਤੱਵ, 26:15 (258).

[7] ਉਹੀ, ਰੋਮ, 1:16 (266).

[8] ਉਹੀ, 1 ਕੁਰਿੰਥੁਸ, 3:11, (297).

[9] ਪਵਿੱਤਰ ਬਾਈਬਲ, 2 ਕੁਰਿੰਥੁਸ, 4:7, (323, 324).

[10] ਉਹੀ, ਗਲਾਤੀਆਂ, 1:7 (338).

[11] ਉਹੀ, ਅਫਸੀਆਂ, 5:3 (353).

[12] ਉਹੀ, ਫਿਲਿਪੀਆਂ, 2:6 (359).

**12. ਕੁਲੁਸੀਆ (Colossians)**

ਇਸ ਪੱਤਰ ਰਾਹੀਂ ਸੰਤ ਪੌਲੁਸ ਨੇ ਮਾਪਿਆਂ ਨੂੰ ਸੰਦੇਸ਼ ਦਿਤਾ ਹੈ ਕਿ, "ਮਾਪਿਓ, ਇਸ ਤਰ੍ਹਾਂ ਤੁਸੀਂ ਵੀ ਆਪਣੇ ਬੱਚਿਆਂ ਨੂੰ ਖਿਝਾਉ ਨਾ।[13] ਇਸ ਪੁਸਤਕ ਦੇ 4 ਅਧਿਆਇ, 9 ਸਿਰਲੇਖ ਅਤੇ 95 ਪਦੇ ਹਨ।

**13. 1 ਥੱਸਲੁਨੀਕੀਆ (1 Thessalonians)**

ਇਸ ਪੱਤਰ ਵਿਚ ਸੰਤ ਪੌਲੁਸ ਕਹਿੰਦਾ ਹੈ ਕਿ, "ਪਰਮੇਸ਼ਰ ਨੇ ਸਾਨੂੰ ਸ਼ੁਧ ਜੀਵਨ ਗੁਜ਼ਾਰਨ ਲਈ ਸੱਦਿਆ ਹੈ, ਨਾ ਕਿ ਭੈੜੇ ਆਚਰਨ ਦੇ ਲਈ।[14] ਇਸ ਪੁਸਤਕ ਦੇ 5 ਅਧਿਆਇ, 7 ਸਿਰਲੇਖ ਅਤੇ 89 ਪਦੇ ਹਨ।

**14. 2ਥੱਸਲੁਨੀਕੀਆ (2 Thessalonians)**

ਇਸ ਪੱਤਰ ਵਿਚ ਸੰਤ ਪੌਲੁਸ ਕਹਿੰਦਾ ਹੈ ਕਿ, "ਬੇਨੇਮ ਮਨੁਖ ਸ਼ੈਤਾਨੀ ਕੰਮਾਂ ਦੀ ਪੂਰਤੀ ਹੋਵੇਗਾ।[15] ਇਸ ਪੁਸਤਕ ਦੇ 3 ਅਧਿਆਇ, 6 ਸਿਰਲੇਖ ਅਤੇ 47 ਪਦੇ ਹਨ।

**15. 1 ਤਿਮੋਥਿਉਸ (1 Timothy)**

ਇਸ ਪੱਤਰ ਵਿਚ ਸੰਤ ਪੌਲੁਸ ਕਹਿੰਦਾ ਹੈ ਕਿ ਯਿਸੂ ਦੇ ਚੰਗੇ ਸੇਵਾਦਾਰ ਬਣੋ ਅਤੇ ਧਨ ਦਾ ਮੋਹ ਛੱਡੋ ਕਿਉਂਕਿ, "ਧਨ ਦਾ ਮੋਹ ਹੀ ਸਭ ਬੁਰਾਈਆਂ ਦੀ ਜੜ੍ਹ ਹੈ।[16] ਇਸ ਪੁਸਤਕ ਦੇ 6 ਅਧਿਆਇ, 11 ਸਿਰਲੇਖ ਅਤੇ 113 ਪਦੇ ਹਨ।

**16. 2 ਤਿਮੋਥਿਉਸ (2 Timothy)**

ਇਸ ਪੱਤਰ ਰਾਹੀਂ ਸੰਤ ਪਾਲ ਤਿਮੋਥਿਉਸ ਨੂੰ ਕਹਿੰਦਾ ਹੈ ਕਿ, "ਤੂੰ ਸੱਚ ਦੀ ਪੂਰੀ ਪੈਰਵੀ ਕਰ, ਜਿਸ ਦੀ ਤੈਨੂੰ ਸਿਖਿਆ ਮਿਲੀ ਹੈ।[17] ਇਸ ਪੁਸਤਕ ਦੇ 4 ਅਧਿਆਇ, 7 ਸਿਰਲੇਖ ਅਤੇ 83 ਪਦੇ ਹਨ।

**17. ਤੀਤੁਸ (Titus)**

ਇਸ ਪੱਤਰ ਰਾਹੀਂ ਸੰਤ ਪੌਲੁਸ ਨੇ ਤੀਤੁਸ ਨੂੰ ਕਿਹਾ ਕਿ, "ਬਜ਼ੁਰਗਾਂ ਨੂੰ ਸਿਖਾ ਕਿ ਉਹ ਸੰਜਮੀ, ਵਿਚਾਰਵਾਨ, ਆਪੇ ਤੇ ਕਾਬੂ ਰੱਖਣ ਵਾਲੇ, ਵਿਸ਼ਵਾਸ ਵਿਚ ਪੱਕੇ ਹੋਣ।"[18] ਇਸ ਪੁਸਤਕ ਦੇ 3 ਅਧਿਆਇ, 4 ਸਿਰਲੇਖ ਅਤੇ 46 ਪਦੇ ਹਨ।

**18. ਫਿਲੇਮੋਨ (Philemon)**

ਸੰਤ ਪੌਲੁਸ ਫਿਲੇਮੋਨ ਨੂੰ ਕਹਿੰਦਾ ਹੈ ਕਿ, "ਮੈਂ ਚਾਹੁੰਦਾ ਹਾਂ ਕਿ ਤੂੰ ਮੇਰੇ ਨਾਲ ਇਕ ਮਸੀਹੀ ਵਾਲਾ ਵਰਤਾਵ ਕਰ।"[19] ਇਸ ਪੁਸਤਕ ਦਾ 1ਅਧਿਆਇ, 3 ਸਿਰਲੇਖ ਅਤੇ 25 ਪਦੇ ਹਨ।

---

[13] ਉਹੀ, ਕੁਲੁਸੀਆ, 3:21 (370).

[14] ਪਵਿੱਤਰ ਬਾਈਬਲ, 1 ਥੱਸਲੁਨੀਕੀਆ, 4:7 (376).

[15] ਉਹੀ, 2 ਥੱਸਲੁਨੀਕੀਆ, 2:9 (381).

[16] ਉਹੀ, 1 ਤਿਮੋਥਿਉਸ, 6:10 (389).

[17] ਉਹੀ, 2 ਤਿਮੋਥਿਉਸ, 3:14 (395).

[18] ਉਹੀ, ਤੀਤੁਸ, 2:2 (398).

[19] ਪਵਿੱਤਰ ਬਾਈਬਲ, ਫਿਲੇਮੋਨ, 1:20 (402).

**19. ਇਬਰਾਨੀਆਂ (Hebrews)**

ਇਸ ਪੱਤਰ ਦੇ ਲੇਖਕ ਦਾ ਨਾਂ ਨਹੀਂ ਪਤਾ ਲਗ ਸਕਿਆ। ਇਸ ਰਾਹੀਂ ਦਸਿਆ ਗਿਆ ਹੈ ਕਿ, "ਮਸੀਹ ਨੇ ਵੀ ਆਪਣੇ ਆਪ ਨੂੰ ਇਕ ਹੀ ਵਾਰ ਬਲੀ ਕੀਤਾ ਕਿ ਉਹ ਬਹੁਤਿਆਂ ਦੇ ਪਾਪਾਂ ਦਾ ਖਾਤਮਾ ਕਰੇ।"[20] ਇਸ ਪੁਸਤਕ ਦੇ 13 ਅਧਿਆਇ, 19 ਸਿਰਲੇਖ ਅਤੇ 303 ਪਦੇ ਹਨ।

**20. ਯਾਕੂਬ (James)**

ਇਸ ਪੱਤਰ ਰਾਹੀਂ ਸੰਤ ਯਾਕੂਬ ਪੱਖਪਾਤ ਬਾਰੇ ਕਹਿੰਦਾ ਹੈ ਕਿ, "ਜੇਕਰ ਤੁਸੀਂ ਪੱਖਪਾਤ ਤੋਂ ਕੰਮ ਲੈਂਦੇ ਹੋ, ਤਾਂ ਤੁਸੀਂ ਪਾਪ ਕਰਦੇ ਹੋ।"[21] ਇਸ ਪੁਸਤਕ ਦੇ 5 ਅਧਿਆਇ, 12 ਸਿਰਲੇਖ ਅਤੇ 108 ਪਦੇ ਹਨ।

**21. 1 ਪ੍ਰਤਰਸ (1 Peter)**

ਇਸ ਪੱਤਰ ਰਾਹੀਂ ਪਤਰਸ ਕਹਿੰਦਾ ਹੈ ਕਿ ਪਰਮੇਸ਼ਰ ਦੀਆਂ ਦਾਤਾਂ ਮਸੀਹੀ ਹੋਣ ਦੇ ਨਾਤੇ ਦੁਖ ਸਹਿਣ ਅਧੀਨ ਜਿਵੇਂ, "ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ ਕਿ ਤੁਸੀਂ ਮਸੀਹ ਦੇ ਦੁਖਾਂ ਦੇ ਭਾਗੀ ਹੋ ਰਹੇ ਹੋ।"[22] ਇਸ ਪੁਸਤਕ ਦੇ 5 ਅਧਿਆਇ, 10 ਸਿਰਲੇਖ, 105 ਪਦੇ ਹਨ।

**22. 2 ਪਤਰਸ (2 Peter)**

ਇਸ ਪੱਤਰ ਦਾ ਪ੍ਰਮੁਖ ਉਦੇਸ਼ ਝੂਠੇ ਸਿਖਿਅਕਾਂ ਦਾ ਟਾਕਰਾ ਕਰਨਾ ਅਤੇ ਉਹਨਾਂ ਦੇ ਬੁਰਾ ਅਸਰ ਨੂੰ ਖਤਮ ਕਰਨਾ ਜਿਵੇਂ ਕਿਹਾ ਗਿਆ ਹੈ ਕਿ, "ਗੁਜ਼ਰੇ ਸਮੇਂ ਵਿਚ ਪਰਮੇਸ਼ਰ ਦੇ ਲੋਕਾਂ ਝੂਠੇ ਨਬੀ ਆਏ ਸਨ।"[23] ਇਸ ਪੁਸਤਕ ਦੇ 3 ਅਧਿਆਇ, 4 ਸਿਰਲੇਖ ਅਤੇ 62 ਪਦੇ ਹਨ।

**23. 1 ਯੂਹੰਨਾ (1 John)**

ਇਸ ਪੱਤਰ ਰਾਹੀਂ ਸੰਤ ਯੂਹੰਨਾ ਕਹਿੰਦਾ ਹੈ ਕਿ, "ਸਭ ਤਰ੍ਹਾਂ ਦੀਆਂ ਗਲਤੀਆਂ ਪਾਪ ਹਨ, ਪਰ ਹਰ ਪਾਪ ਦਾ ਅੰਤ ਮੌਤ ਨਹੀਂ ਹੈ।"[24] ਇਸ ਪੁਸਤਕ ਦੇ 5 ਅਧਿਆਇ, 13 ਸਿਰਲੇਖ ਅਤੇ 105 ਪਦੇ ਹਨ।

**24. 2 ਯੂਹੰਨਾ (2 John)**

ਇਸ ਪੱਤਰ ਰਾਹੀਂ ਸੰਤ ਯੂਹੰਨਾ ਕਹਿੰਦਾ ਹੈ ਕਿ, "ਪਿਆਰ ਦਾ ਅਰਥ ਇਹ ਹੈ ਕਿ ਅਸੀਂ ਪਰਮੇਸ਼ਰ ਦੇ ਹੁਕਮ ਅਨੁਸਾਰ ਚਲੀਏ।"[25] ਇਸ ਪੁਸਤਕ ਦਾ 1 ਅਧਿਆਇ, 2 ਸਿਰਲੇਖ, ਅਤੇ 13 ਪਦੇ ਹਨ।

---

[20] ਉਹੀ, ਇਬਰਾਨੀਆਂ, 9:28 (415).

[21] ਉਹੀ, ਯਾਕੂਬ, 2:9 (427).

[22] ਉਹੀ, 1 ਪਤਰਸ, 4:13 (439).

[23] ਉਹੀ, 2 ਪਤਰਸ, 2:1 (443, 444).

[24] ਪਵਿੱਤਰ ਬਾਈਬਲ, 1 ਯੂਹੰਨਾ, 5:17 (454).

[25] ਉਹੀ, 2 ਯੂਹੰਨਾ, 1:6 (455).

**25. 3 ਯੂਹੰਨਾ (3 John)**

ਇਹ ਪੱਤਰ ਇਕ ਬਜੁਰਗ ਦੇ ਰਾਹੀਂ ਗਾਯੂਸ ਨਾਂ ਦੇ ਵਿਅਕਤੀ ਨੂੰ ਲਿਖਿਆ ਗਿਆ ਹੈ ਕਿ, "ਮੇਰੇ ਮਿਤਰ ਤੂੰ ਕਿਸੇ ਤਰ੍ਹਾਂ ਦੀ ਭੈੜੀ ਉਦਾਹਰਨ ਨਾ ਲੈਣਾ, ਸਗੋਂ ਚੰਗਾਈ ਦਾ ਅਨੁਸਾਰੀ ਬਣਨਾ।"[26] ਇਸ ਪੁਸਤਕ ਦਾ 1 ਅਧਿਆਇ, 2 ਸਿਰਲੇਖ ਅਤੇ 15 ਪਦੇ ਹਨ।

**26. ਯਹੂਦਾ (Jude)**

ਇਸ ਪੱਤਰ ਰਾਹੀਂ ਸੰਤ ਯਹੂਦਾ ਕਹਿੰਦਾ ਹੈ ਕਿ, "ਅੰਤਿਮ ਦਿਨਾਂ ਵਿਚ ਕੁਝ ਅਜਿਹੇ ਲੋਕ ਆਉਣਗੇ, ਜੋ ਤੁਹਾਨੂੰ ਠੱਠੇ ਕਰਨਗੇ।"[27] ਇਸ ਪੁਸਤਕ ਦਾ 1 ਅਧਿਆਇ, 3 ਸਿਰਲੇਖ ਅਤੇ 25 ਪਦੇ ਹਨ।

**27. ਪ੍ਰਕਾਸ਼ ਦੀ ਪੋਥੀ (Revelation)**

ਇਹ ਪੁਸਤਕ ਸੰਤ ਯੂਹੰਨਾ ਦੁਆਰਾ ਲਿਖੀ ਗਈ ਹੈ, ਉਹ ਕਹਿੰਦਾ ਹੈ ਕਿ, "ਇਹ ਪ੍ਰਭੂ ਦਾ ਦਿਨ ਸੀ ਕਿ ਮੇਰੇ ਤੇ ਆਤਮਾ ਦੀ ਲੀਨਤਾ ਛਾ ਗਈ।"[28] ਇਸ ਪੁਸਤਕ ਦੇ 22 ਅਧਿਆਇ, 38 ਸਿਰਲੇਖ ਅਤੇ 405 ਪਦੇ ਹਨ।

**ਤੱਤ ਸਾਰ:-**

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਇਸ ਪਰਚੇ ਵਿਚ 'ਪਵਿੱਤਰ ਬਾਈਬਲ' ਦੇ ਨਵੇਂ ਅਹਿਦਨਾਮੇ ਸਬੰਧੀ ਜਾਣ-ਪਛਾਣ ਕਰਵਾਈ ਗਈ ਹੈ। ਇਸ ਵਿਚ ਯਿਸੂ ਮਸੀਹ ਦੇ ਜੀਵਨ, ਵਖ ਵਖ ਸੰਗਤਾਂ ਦੇ ਨਾਂ ਲਿਖੇ ਪੱਤਰ ਅਤੇ ਪਰਮੇਸ਼ਰ ਦੇ ਰਾਜ ਸਬੰਧੀ ਜਿਕਰ ਮਿਲਦਾ ਹੈ। ਇਸ ਪਰਚੇ ਵਿਚ ਮੈਂ ਸਿਰਫ ਸੰਖੇਪ ਜਾਣਕਾਰੀ ਹੀ ਲਿਖਣ ਦਾ ਯਤਨ ਕੀਤਾ ਹੈ।

[26] ਉਹੀ, 3 ਯੂਹੰਨਾ, 1:11ਰ (458),

[27] ਉਹੀ, ਯਹੂਦਾ, 1:18 (460, 461).

[28] ਉਹੀ, ਪ੍ਰਕਾਸ਼ ਦੀ ਪੋਥੀ, 1:10 ਰ(463).